ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

## ਦਫਤਰੀ ਹੁਕਮ

ਨੰ: 4ਐਮਈ 2-ਪੰ:-14/ 316 ਮਿਤੀ, ਚੰਡੀਗੜ੍ਹ:- 10-1-2014

ਇਸ ਦਫਤਰੀ ਹੁਕਮ ਰਾਹੀਂ ਹੇਠ ਲਿਖੇ ਮੈਡੀਕਲ ਲਬਾਟਰੀ ਟੈਕਨੀਸੀਅਨ ਗ੍ਰੇਡ-1 ਕਰਮਚਾਰੀਆਂ ਦੀ ਤਰੱਕੀ ਬਤੌਰ ਸੀਨੀਅਰ ਮੈਡੀਕਲ ਲਬਾਟਰੀ ਟੈਕਨੀਸੀਅਨ ਤਨਖਾਹ ਸਕੇਲ ਰੁਪਏ 10300 - 34800 ਜਮਾ ਗਰੇਡ ਪੇ 4800 ਰੁਪਏ ਵਿਚ ਵਿਭਾਗ ਦੀ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੇ ਡਰਾਫਟ ਰੁਲਾਂ ਵਿੱਚ ਦਰਜ ਉਪਬੰਧਾਂ ਦੇ ਤਹਿਤ ਆਰਜੀ ਤੌਰ ਤੇ ਕੀਤੀ ਜਾਂਦੀ ਹੈ ਅਤੇ ਕਰਮਚਾਰੀਆਂ ਦੀ ਤਰੱਕੀ ਉਪਰੰਤ ਤੈਨਾਤੀ ਇਹਨਾਂ ਦੇ ਨਾਵਾਂ ਸਾਹਮਣੇ ਦਰਸਾਈ ਸੰਸਥਾ ਵਿਚ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਂ, ਅਹੁਦਾ ਅਤੇ ਮੌਜੂਦਾ ਤੈਨਾਤੀ ਦੀ ਥਾਂ | ਤਰੱਕੀ ਉਪਰੰਤ ਤੈਨਾਤੀ ਦੀ ਥਾਂ | ਵਿਸੇਸ ਕੱਥਨ |
|---|---|---|---|
| 1 | ਸ੍ਰੀ ਚਰਨਜੀਤ ਸਿੰਘ ਪੁੱਤਰ ਸ੍ਰੀ ਇਕਬਾਲ ਸਿੰਘ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ। | ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਖਾਲੀ ਅਸਾਮੀ ਵਿਰੁੱਧ |
| 2 | ਸ੍ਰੀ ਅਸ਼ੋਕ ਕੁਮਾਰ ਪੁੱਤਰ ਸ੍ਰੀ ਹੇਮ ਰਾਜ, ਮੈਡੀਕਲ ਕਾਲਜ, ਪਟਿਆਲਾ | ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਖਾਲੀ ਅਸਾਮੀ ਵਿਰੁੱਧ |
| 3 | ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ | ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ | ਖਾਲੀ ਅਸਾਮੀ ਵਿਰੁੱਧ |
| 4 | ਸ੍ਰੀ ਅਮਰਜੀਤ ਸਿੰਘ ਪੁੱਤਰ ਸ੍ਰੀ ਅਜੈਬ ਸਿੰਘ , ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ | ਖਾਲੀ ਅਸਾਮੀ ਵਿਰੁੱਧ |
| 5 | ਸ੍ਰੀ ਨਰੇਸ ਕੁਮਾਰ ਪੁੱਤਰ ਸ੍ਰੀ ਹਰਬੰਸ ਲਾਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਖਾਲੀ ਅਸਾਮੀ ਵਿਰੁੱਧ |
| 6 | ਸ੍ਰੀ ਪੁਸਕਰ ਸਿੰਘ ਪੁੱਤਰ ਸ੍ਰੀ ਭੀਮ ਸਿੰਘ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ। | ਟੀ ਬੀ ਹਸਪਤਾਲ, ਅੰਮ੍ਰਿਤਸਰ | ਖਾਲੀ ਅਸਾਮੀ ਵਿਰੁੱਧ |

ਇਹ ਤਰੱਕੀ ਹੇਠ ਲਿਖੀ ਸਰਤਾਂ ਤੇ ਕੀਤੀ ਜਾਂਦੀ ਹੈ:

1. ਇਹ ਤਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀ ਹੈ, ਜੇਕਰ ਇਹਨਾਂ ਆਸਾਮੀਆਂ ਲਈ ਵਿਚਾਰੇ ਗਏ ਕਰਮਚਾਰੀਆਂ ਵਿਚੋਂ ਕੋਈ ਕਰਮਚਾਰੀ ਇਹਨਾਂ ਤੋਂ ਸੀਨੀਅਰ ਪਾਇਆ ਗਿਆ ਤਾਂ ਜੂਨੀਅਰ ਕਰਮਚਾਰੀ ਨੂੰ ਤੁੰਰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

2. ਜੇਕਰ ਬਾਦ ਵਿਚ ਕਿਸੇ ਸਟੇਜ ਤੇ ਇਹ ਪਾਇਆ ਗਿਆ ਕਿ ਕੋਈ ਵੀ ਕਰਮਚਾਰੀ ਇਸ ਆਸਾਮੀ ਲਈ ਲੌੜੀਦੀਂ ਵਿਦਿਅਕ ਯੋਗਤਾਵਾਂ ਜਾਂ ਤਜਰਬਾ ਪੂਰਾ ਨਹੀਂ ਕਰਦਾ ਹੈ ਤਾਂ ਉਸ ਕਰਮਚਾਰੀ ਨੂੰ ਤੁੰਰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

3. ਇਹ ਤਰੱਕੀ ਕਾਰਨ ਨਵੀਂ ਆਸਾਮੀ ਤੇ ਹਾਜਰ ਹੋਣ ਕਾਰਣ ਕਰਮਚਾਰੀ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮਾਂ ਤਸੱਲੀਬਖਸ ਤਰੀਕੇ ਨਾਲ ਪਾਰ ਕਰਨਾਂ ਪਵੇਗਾ, ਜੇਕਰ ਇਸ ਪਰਖ ਕਾਲ ਸਮੇਂ ਦੌਰਾਨ ਕਰਮਚਾਰੀ ਦਾ ਕੰਮ ਕਾਜ ਤਸਲੀਬਖਸ ਨਾ ਪਾਇਆ ਗਿਆ ਤਾਂ ਕਰਮਚਾਰੀ ਨੂੰ ਬਿਨਾਂ ਕੋਈ ਕਾਰਨ ਦਸੇ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

4. ਕਰਮਚਾਰੀ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਕਰਮਚਾਰੀਆਂ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ, 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁੰਦਾਂ ਤਾਂ ਉਸ ਦੀ ਤਰੱਕੀ ਦੇ ਹੁਕਮ ਰੱਦ ਸਮਝੇ ਜਾਣਗੇ ਅਤੇ ਕਰਮਚਾਰੀ ਨੂੰ ਇਸ ਤਰਕੀ ਤੇ ਵਿਚਾਰਣ ਲਈ 2 ਸਾਲ ਦੇ ਸਮੇਂ ਲਈ ਡੀਬਾਰ ਕੀਤਾ ਜਾਵੇਗਾ।

5. ਕਰਮਚਾਰੀ ਤੋਂ ਤਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਤੋਂ ਪਹਿਲਾਂ ਉਕਤ ਸਰਤਾਂ ਦੀ ਸਹਿਮਤੀ ਬਾਰੇ ਤਸਦੀਕਸੁਦਾ ਹਲਫਿਆ ਬਿਆਨ ਲੈ ਲਿਆ ਜਾਵੇ ਅਤੇ ਇਹ ਹਲਫਿਆ ਬਿਆਨ ਕਰਮਚਾਰੀਆਂ ਦੀ ਹਾਜਰੀ ਰਿਪੋਟ, ਜੋ ਸੰਸਥਾਂ ਦੇ ਮੁਖੀ ਵਲੋਂ ਸਹੀ ਕੀਤੀ ਹੋਵੇ, ਦੇ ਨਾਲ ਇਸ ਦਫਤਰ ਨੂੰ ਭੇਜੇ ਜਾਣ।

6. ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜੇਕਰ ਇਹਨਾਂ ਕਰਮਚਾਰੀਆਂ ਦੀ ਤਰੱਕੀ ਬਤੌਰ ਸੀਨੀਅਰ ਮੈਡੀਕਲ ਲਬਾਟਰੀ ਟੈਕਨੀਸੀਅਨ ਨਹੀਂ ਕੀਤੀ ਜਾਂਦੀ ਤਾਂ ਉਹਨਾਂ ਨੇ ਮੈਡੀਕਲ ਲਬਾਟਰੀ ਟੈਕਨੀਸੀਅਨ ਗ੍ਰੇਡ-1 ਦੀ ਪੁਰਾਣੀ ਆਸਾਮੀ ਤੇ ਹੀ ਕੰਮ ਕਰਨਾ ਸੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰ:ਨੰ:4ਐਮ.ਈ.2-ਪੰ-14/ 317-20 ਮਿਤੀ ਚੰਡੀਗੜ੍ਹ:- 10-01-2014

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ। ਕਰਮਚਾਰੀਆਂ ਦੀ ਫਾਰਗੀ ਅਤੇ ਹਾਜਰੀ ਰਿਪੋਟਾਂ ਇਸ ਦਫਤਰ ਨੂੰ ਭੇਜੀਆਂ ਜਾਣ ਅਤੇ ਜੇਕਰ ਕਰਮਚਾਰੀ/ ਕਰਮਚਾਰਨ ਮਿੱਥੇ ਸਮੇਂ ਦੇ ਅੰਦਰ-2 ਹਾਜਰ ਨਹੀਂ ਹੁੰਦਾਂ ਤਾਂ ਇਹ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ:-

1. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ ਪਟਿਆਲਾ।
2. ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ/ ਅੰਮ੍ਰਿਤਸਰ।
3. ਡਿਪਟੀ ਮੈਡੀਕਲ ਸੁਪਰਡੰਟ, ਟੀ ਬੀ ਹਸਪਤਾਲ, ਅੰਮ੍ਰਿਤਸਰ।
4. ਸੰਬਧਤ ਕਰਮਚਾਰੀਆਂ ਨੂੰ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰ:ਨੰ:4ਐਮ.ਈ.2-ਪੰ-14/ 321 ਮਿਤੀ ਚੰਡੀਗੜ੍ਹ:- 10/01/14

ਉਤਾਰਾ ਪ੍ਰਮੁਖ ਸਕੱਤਰ ਪੰਜਾਬ ਸਰਕਾਰ, ਮੈਡੀਕਲ ਸਿਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।